ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਬਲਾਕ ਈ, ਪੰਜਵੀ ਮੰਜਿਲ, ਫੇਜ਼ 8, ਐਸ.ਐਸ.ਏ ਨਗਰ (ਮੁਹਾਲੀ)72-5212542

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਪੰਜਾਬ,
2. **NSQF** ਤਹਿਤ ਰਾਜ ਦੇ ਸਬੰਧਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁੱਖੀ।

**ਮੀਮੋ ਨੰ:** ਆਰ.ਐਮ.ਐਸ.ਏ/ਵੋ.ਸਿੱ/2018/24412 **ਮਿਤੀ:**25.06.2018

ਵਿਸ਼ਾ: ਮਿਤੀ 27 ਜੂਨ 2018 ਅਤੇ 28 ਜੂਨ 2018 ਨੂੰ **NSQF** ਤਹਿਤ ਪਾਸ ਕਰ ਚੁੱਕੇ ਬਾਰਵ੍ਹੀਂ ਜਮਾਤ ਦੇ ਵਿਦਿਆਰਥੀਆਂ ਲਈ ਜਾਬ ਮੇਲਾ ਕਰਵਾਉਣ ਸਬੰਧੀ।

1. ਉਕਤ ਵਿਸ਼ੇ ਸਬੰਧੀ NSQF ਤਹਿਤ ਸਾਲ 2014-15 ਦੇ ਬੈਚ ਦੇ ਬਾਰਵ੍ਹੀਂ ਜਮਾਤ ਪਾਸ ਕਰ ਚੁੱਕੇ ਵਿਦਿਆਰਥੀਆਂ ਲਈ ਹੇਠ ਦਰਸਾਏ ਅਨੁਸਾਰ ਜਾਬ ਮੇਲਾ ਕਰਵਾਇਆ ਜਾ ਰਿਹਾ ਹੈ:

**ਸਥਾਨ, ਮਿਤੀ ਅਤੇ ਸਮਾਂ:**1) ਸਮਸਸਸ 3ਬੀ 1, ਐਸ.ਏ. ਐਸ ਨਗਰ, ਮਿਤੀ 27 ਜੂਨ 2018, ਸਵੇਰੇ 10 ਵਜ਼ੇ ਤੋਂ
2) ਸਕਸਸਸ ਮਾਲ ਰੋਡ, ਅੰਮ੍ਰਿਤਸਰ, ਮਿਤੀ 28 ਜੂਨ 2018, ਸਵੇਰੇ 10 ਵਜ਼ੇ ਤੋਂ

2. ਐਸ.ਏ.ਐਸ ਨਗਰ ਵਿੱਖੇ ਕੁੱਲ 452 ਵਿਦਿਆਰਥੀ ਅਤੇ ਅੰਮ੍ਰਿਤਸਰ ਵਿੱਖੇ 547 ਵਿਦਿਆਰਥੀਆਂ ਵੱਲੋਂ ਜਾਬ ਮੇਲੇ ਵਿੱਚ ਭਾਗ ਲਿਆ ਜਾਣਾ ਹੈ। ਵਿਆਰਥੀਆਂ ਦੀ ਜਿਲ੍ਹੇਵਾਰ ਵੰਡ ਹੇਠ ਦਰਸਾਏ ਅਨੁਸਾਰ ਹੈ:

| ਕਲਸਟਰ : ਸਮਸਸਸ 3ਬੀ 1,ਐਸ.ਏ.ਐਸ.ਨਗਰ, ਮਿਤੀ 27 ਜੂਨ 2018 | | | ਕਲਸਟਰ : ਸਕਸਸਸ ਮਾਲ ਰੋਡ, ਅੰਮ੍ਰਿਤਸਰ, ਮਿਤੀ 28 ਜੂਨ 2018 | |
|---|---|---|---|---|
| ਲੜੀ ਨੰ: | ਜਿਲ੍ਹਾ | ਕੁੱਲ ਯੋਗ ਵਿਦਿਆਰਥੀ | ਜਿਲ੍ਹਾ | ਕੁੱਲ ਯੋਗ ਵਿਦਿਆਰਥੀ |
| 1 | Barnala | 34 | Amritsar | 107 |
| 2 | Bathinda | 55 | Faridkot | 26 |
| 3 | Fatehgarh Sahib | 31 | Ferozepur | 55 |
| 4 | Fazilka | 83 | Gurdaspur | 67 |
| 5 | Ludhiana | 38 | Hoshiarpur | 29 |
| 6 | Mansa | 14 | Jalandhar | 22 |
| 7 | Patiala | 34 | Kapurthala | 43 |
| 8 | Roopnagar | 36 | Moga | 12 |
| 9 | Sangrur | 49 | Pathankot | 33 |
| 10 | SAS NAGAR | 46 | Shri Muktsar Sahib | 52 |
| 11 | SBS Nagar | 32 | TarnTaran | 101 |
| | **Total** | **452** | **Total** | **547** |

3. ਉਕਤ ਨਿਰਧਾਰਿਤ ਸਥਾਨ ਤੇ ਪਲੇਸਮੈਂਟ ਕਰਵਾਉਣ ਦੇ ਯੋਗ ਵਿਦਿਆਰਥੀਆਂ ਦੀ ਹਾਜ਼ਰੀ ਯਕੀਨੀ ਬਣਾਉਣ ਦੀ ਸਾਂਝੀ ਜਿੰਮੇਵਾਰੀ ਸਬੰਧਤ ਵੀ.ਟੀ, ਕੋਆਰਡੀਨੇਟਰ ਅਤੇ ਸਕੂਲ ਮੁੱਖੀ ਦੀ ਹੋਵੇਗੀ।

4. ਪਲੇਸਮੈਂਟ ਲਈ ਯੋਗ ਵਿਦਿਆਰਥੀਆਂ ਨੂੰ ਆਪਣੇ ਮਾਂ-ਪਿਉ/ਗਾਰਡੀਅਨ ਅਤੇ ਸਬੰਧਤ ਸਕੂਲ ਦੇ ਵੀ.ਟੀ ਦੇ ਨਾਲ ਆਉਣ ਲਈ ਪ੍ਰੇਰਿਤ ਕੀਤਾ ਜਾਵੇ।

5. ਵਿਦਿਆਰਥੀਆਂ ਨੂੰ ਹਦਾਇਤ ਕਰਨੀ ਬਣਦੀ ਹੈ ਕਿ ਉਹ ਆਪਣੇ ਰਿਜ਼ਿਊਮੇ(resume) ਸਮੇਤ ਪਾਸਪੋਰਟ ਸਾਇਜ਼ ਫੋਟੋਗਰਾਫ਼ (Passport size photograph affixed on each resume) ਦੀਆਂ 5 ਕਾਪੀਆਂ (ਕਾਪੀ ਦਾ ਸੈਂਪਲ ਨਾਲ ਨੱਥੀ) ਨਾਲ ਲੈ ਕੇ ਆਉਣ ਅਤੇ ਇਸ ਦੇ ਨਾਲ ਹੀ undertaking letter ਦੀਆਂ 5 ਕਾਪੀਆਂ (ਕਾਪੀ

ਦਾ ਸੈਂਪਲ ਨਾਲ ਨੱਥੀ) ਆਪਣੇ ਮਾਪੇ ਤੋਂ ਹਸਤਾਖਰ ਕਰਵਾ ਕੇ ਲਿਆਉਣ,ਆਪਣਾ ਆਈ ਡੀ ਪਰੂਫ਼ ਅਤੇ ਬਾਰਵੀਂ ਜਮਾਤ ਦਾ ਸਰਟੀਫਿਕੇਟ (ਜੇਕਰ ਪ੍ਰਾਪਤ ਹੋ ਗਿਆ ਹੈ)/ਪ੍ਰੋਵੀਜ਼ਨਲ ਰਿਜ਼ਲਟ ਜਾਬ ਮੇਲੇ ਵਿੱਚ ਨਾਲ ਲੈ ਕੇ ਆਉਣ।

6. ਜਿਲ੍ਹਾ ਸਿੱਖਿਆ ਅਫਸਰ ਵੱਲੋਂ ਦੋ ਪ੍ਰਿੰਟਰ ਅਤੇ ਦੋ ਸਕੈਨਰ ਦਾ ਪ੍ਰਬੰਧ ਕੀਤਾ ਜਾਵੇਗਾ।

7. ਜਿਲ੍ਹਾ ਸਿੱਖਿਆ ਅਫ਼ਸਰ ਵੱਲੋਂ 25 ਕਮਰੇ,50 ਟੇਬਲ,350 ਕੁਰਸੀਆਂ,ਪੀਣ ਦਾ ਪਾਣੀ,ਦੁਪਹਿਰ ਦਾ ਖਾਣਾ,ਚਾਹ ਅਤੇ ਮਹਿਮਾਨਾ ਦੇ ਰਿਫਰੈਸ਼ਮੈਂਟ ਦਾ ਪ੍ਰਬੰਧ ਕੀਤਾ ਜਾਵੇਗਾ।

8. ਜਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਰਮਸਅ ਆਫ਼ਿਸ ਤੋਂ ਦਿੱਤੇ ਗਏ ਕੰਟੈਂਟ ਅਨੁਸਾਰ ਜਾਬ ਮੇਲੇ ਲਈ ਬੈਨਰ ਛਪਵਾਏ ਜਾਣਗੇ।

9. ਜਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਜਾਬ ਮੇਲੇ ਦੀ ਸਿਕਿਉਰਟੀ ਦਾ ਪੂਰਾ ਪ੍ਰਬੰਧ ਕੀਤਾ ਜਾਵੇਗਾ।

10. ਜਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਪਾਣੀ ਦੇ ਦੋ ਟੈਂਕਰ ਦਾ ਪ੍ਰਬੰਧ ਕੀਤਾ ਜਾਵੇਗਾ।

11. ਜਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਨਿਯਮਾਂ ਤਹਿਤ ਖਰਚਾ ਕੀਤਾ ਜਾਵੇ ਜਿਸ ਦੀ ਅਦਾਇਗੀ ਮੁੱਖ ਦਫਤਰ ਵਿੱਖੇ ਬਿਲ ਭੇਜਣ ਉਪਰੰਤ ਕੀਤੀ ਜਾਵੇਗੀ।

12. ਜਾਬ ਮੇਲੇ ਦੇ ਪ੍ਰਬੰਧ ਦੀ ਸਮੁੱਚੀ ਜਿੰਮੇਵਾਰੀ ਜਿਲ੍ਹਾ ਸਿੱਖਿਆ ਅਫਸਰ ਦੀ ਹੋਵੇਗੀ ਅਤੇ ਉਹਨਾ ਵੱਲੋਂ ਜਿਲ੍ਹਾ ਵੋਕੇਸ਼ਨਲ ਕੋਆਰਡੀਨੇਟਰ ਦੇ ਸਹਿਯੋਗ ਨਾਲ ਇਸ ਨੂੰ ਨੇਪਰੇ ਚਾੜ੍ਹਿਆ ਜਾਵੇ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ,
ਰਮਸਅ ਪੰਜਾਬ

ਪਿੱਠ ਅੰਕਣ ਨੰ: ਰਮਸਅ/ਵੋ.ਸਿੱ/2018/ ਮਿਤੀ

ਉਪਰੋਕਤ ਦਾ ਉਤਾਰਾ ਹੇਠ ਲਿਖੇ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ ਟੂ ਡੀ.ਜੀ.ਐਸ.ਈ
2. ਪ੍ਰਿੰਸੀਪਲ,ਸਮਸਸਸ 3ਬੀ 1, ਐਸ.ਏ. ਐਸ ਨਗਰ
2. ਪ੍ਰਿੰਸੀਪਲ,ਸਸਸਸ ਮਾਲ ਰੋਡ, ਅੰਮ੍ਰਿਤਸਰ,

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ,
ਰਮਸਅ ਪੰਜਾਬ